## ਸੰਕਲਪ ਦੀ ਭਾਸ਼ਾ - ਸ੍ਰਵਸ਼੍ਰੇਸ਼ਠ ਭਾਸ਼ਾ

ਅੱਜ ਬਾਪਦਾਦਾ ਦੇ ਸਾਹਮਣੇ ਡਬਲ ਰੂਪ ਵਿੱਚ ਸਭਾ ਲੱਗੀ ਹੋਈ ਹੈ। ਦੋਨੋ ਹੀ ਸਨੇਹੀ ਬੱਚਿਆਂ ਦੀ ਸਭਾ ਹੈ। ਇੱਕ ਹੈ ਸਾਕਾਰ ਰੂਪਧਾਰੀ ਬੱਚਿਆਂ ਦੀ ਸਭਾ। ਦੂਜੀ ਹੈ ਆਕਾਰੀ ਸਨੇਹੀ ਸਵਰੂਪ ਬੱਚਿਆਂ ਦੀ ਸਭਾ। ਸਨੇਹ ਦੇ ਸਾਗਰ ਬਾਪ ਨਾਲ ਮਿਲਣ ਮਨਾਉਣ ਦੇ ਲਈ ਚਾਰੋਂ ਪਾਸੇ ਦੇ ਆਕਾਰ ਰੂਪਧਾਰੀ ਬੱਚੇ ਆਪਣੇ ਸਨੇਹ ਨੂੰ ਬਾਪਦਾਦਾ ਦੇ ਅੱਗੇ ਪ੍ਰਤੱਖ ਕਰ ਰਹੇ ਹਨ। ਬਾਪਦਾਦਾ ਸਭ ਬੱਚਿਆਂ ਦੇ ਸਨੇਹ ਦੇ ਸੰਕਲਪ, ਦਿਲ ਦੇ ਵੱਖ - ਵੱਖ ਉਮੰਗ - ਉਤਸ਼ਾਹ ਦੇ ਸੰਕਲਪ, ਦਿਲ ਦੀ ਵੱਖ - ਵੱਖ ਭਾਵਨਾਵਾਂ ਦੇ ਨਾਲ - ਨਾਲ ਸਨੇਹ ਦੇ ਸੰਬੰਧ ਦੇ ਅਧਿਕਾਰ ਨਾਲ ਅਧਿਕਾਰ ਰੂਪ ਦੀਆਂ ਮਿੱਠੀਆਂ - ਮਿੱਠੀਆਂ ਗੱਲਾਂ ਸੁਣ ਰਹੇ ਹਨ। ਹਰੇਕ ਬੱਚਾ ਆਪਣੇ ਦਿਲ ਦੇ ਹਾਲ ਚਾਲ, ਆਪਣੀ ਵੱਖ - ਵੱਖ ਪ੍ਰਵ੍ਰਿਤੀ ਦੀ ਪਰਿਸਥਿਤੀਆਂ ਦੇ ਹਾਲ - ਚਾਲ, ਸੇਵਾ ਦੇ ਸਮਾਚਾਰਾਂ ਦਾ ਹਾਲ - ਚਾਲ, ਨੈਣਾਂ ਦੀ ਭਾਸ਼ਾ ਨਾਲ, ਸ਼੍ਰੇਸ਼ਠ ਸਨੇਹ ਦੇ ਸੰਕਲਪਾਂ ਦੀ ਭਾਸ਼ਾ ਨਾਲ ਬਾਪ ਦੇ ਅੱਗੇ ਸਪਸ਼ਟ ਕਰ ਰਹੇ ਹਨ। ਬਾਪਦਾਦਾ ਸਭ ਬੱਚਿਆਂ ਦੀ ਰੂਹਰਿਹਾਨ ਤਿੰਨ ਰੂਪਾ ਨਾਲ ਸੁਣ ਰਹੇ ਹਨ। ਇੱਕ ਨੈਣਾਂ ਦੀ ਭਾਸ਼ਾ ਵਿੱਚ ਬੋਲ ਰਹੇ ਹਨ, 2 - ਭਾਵਨਾ ਦੀ ਭਾਸ਼ਾ ਵਿੱਚ, 3 - ਸੰਕਲਪ ਦੀ ਭਾਸ਼ਾ ਵਿੱਚ ਬੋਲ ਰਹੇ ਹਨ। ਮੁੱਖ ਦੀ ਭਾਸ਼ਾ ਤਾਂ ਕਾਮਨ ਭਾਸ਼ਾ ਹੈ। ਪਰ ਇਹ ਤਿੰਨ ਪ੍ਰਕਾਰ ਦੀਆਂ ਭਾਸ਼ਾਵਾਂ ਰੂਹਾਨੀ ਯੋਗੀ ਜੀਵਨ ਦੀਆਂ ਭਾਸ਼ਾ ਹਨ। ਜਿਸਨੂੰ ਰੂਹਾਨੀ ਬੱਚੇ ਅਤੇ ਰੂਹਾਨੀ ਬਾਪ ਜਾਣਦੇ ਹਨ ਅਤੇ ਅਨੁਭਵ ਕਰਦੇ ਹਨ। ਜਿਨ੍ਹਾਂ - ਜਿਨ੍ਹਾਂ ਅੰਤਰਮੁੱਖੀ ਸਵੀਟ ਸਾਇਲੈਂਸ ਸਵਰੂਪ ਵਿੱਚ ਸਥਿਤ ਹੁੰਦੇ ਜਾਵੋਗੇ - ਉਨ੍ਹਾਂ ਇਨ੍ਹਾਂ ਤਿੰਨ ਭਾਸ਼ਾਵਾਂ ਦੁਆਰਾ ਸ੍ਰਵ ਆਤਮਾਵਾਂ ਨੂੰ ਅਨੁਭਵ ਕਰਾਉਣਗੇ। ਇਹ ਅਲੌਕਿਕ ਭਾਸ਼ਾਵਾਂ ਕਿੰਨੀਆਂ ਸ਼ਕਤੀਸ਼ਾਲੀ ਹਨ। ਮੁੱਖ ਦੀ ਭਾਸ਼ਾ ਸੁਣਕੇ ਅਤੇ ਮੈਜਾਰਿਟੀ ਸੁਣਾਕੇ ਥੱਕ ਗਏ ਹਨ। ਮੁੱਖ ਦੀ ਭਾਸ਼ਾ ਵਿੱਚ ਕਿਸੀ ਵੀ ਗੱਲ ਨੂੰ ਸਪਸ਼ਟ ਕਰਨ ਵਿੱਚ ਵਕ਼ਤ ਵੀ ਲੱਗਦਾ ਹੈ। ਪਰ ਨੈਣਾਂ ਦੀ ਭਾਸ਼ਾ ਇਸ਼ਾਰਾ ਦੇਣ ਦੀ ਭਾਸ਼ਾ ਹੈ। ਮਨ ਦੀਆਂ ਭਾਵਨਾ ਦੀ ਭਾਸ਼ਾ ਚਿਹਰੇ ਦੇ ਦੁਆਰਾ ਭਾਵ ਰੂਪ ਵਿੱਚ ਪ੍ਰਸਿੱਧ ਹੁੰਦੀ ਹੈ। ਚਿਹਰੇ ਦਾ ਭਾਵ ਮਨ ਦੀ ਭਾਵਨਾ ਨੂੰ ਸਿੱਧ ਕਰਦਾ ਹੈ। ਜਿਵੇਂ ਕੋਈ ਵੀ ਕਿਸੀ ਦੇ ਸਾਹਮਣੇ ਜਾਂਦਾ ਹੈ, ਸਨੇਹ ਨਾਲ ਜਾਂਦਾ ਹੈ ਜਾਂ ਦੁਸ਼ਮਣੀ ਨਾਲ ਜਾਂਦਾ ਹੈ, ਜਾਂ ਕੋਈ ਸਵਾਰਥ ਨਾਲ ਜਾਂਦਾ ਹੈ ਤਾਂ ਉਸਦੇ ਮਨ ਦਾ ਭਾਵ ਚੇਹਰੇ ਤੋਂ ਵਿਖਾਈ ਦਿੰਦਾ ਹੈ। ਕਿਸ ਭਾਵਨਾ ਨਾਲ ਕੋਈ ਆਇਆ ਹੈ ਉਹ ਨੈਨ ਚੈਨ ਬੋਲਦੇ ਹਨ। ਤਾਂ ਭਾਵਨਾ ਦੀ ਭਾਸ਼ਾ ਚਿਹਰੇ ਦੇ ਭਾਵ ਨੂੰ ਜਾਣ ਵੀ ਸਕਦੇ ਹੋ, ਬੋਲ ਵੀ ਸਕਦੇ ਹੋ। ਇਵੇਂ ਹੀ ਸੰਕਲਪ ਦੀ ਭਾਸ਼ਾ ਇਹ ਵੀ ਬਹੁਤ ਸ਼੍ਰੇਸ਼ਠ ਭਾਸ਼ਾ ਹੈ ਕਿਉਂਕਿ ਸੰਕਲਪ ਸ਼ਕਤੀ ਸਭਤੋਂ ਸ਼੍ਰੇਸ਼ਠ ਸ਼ਕਤੀ ਹੈ, ਮੂਲ ਸ਼ਕਤੀ ਹੈ। ਹੋਰ ਸਭਤੋਂ ਤੇਜ਼ ਗਤੀ ਦੀ ਭਾਸ਼ਾ ਇਹ ਸੰਕਲਪ ਦੀ ਭਾਸ਼ਾ ਹੈ। ਕਿੰਨਾ ਵੀ ਕੋਈ ਦੂਰ ਹੋਵੇ, ਕੋਈ ਸਾਧਨ ਨਹੀਂ ਹੋਵੇ ਪਰ ਸੰਕਲਪ ਦੀ ਭਾਸ਼ਾ ਦੁਆਰਾ ਕਿਸੀ ਨੂੰ ਵੀ ਮੈਸੇਜ ਦੇ ਸਕਦੇ ਹੋ। ਅੰਤ ਵਿੱਚ ਇਹੀ ਸੰਕਲਪ ਦੀ ਭਾਸ਼ਾ ਕੰਮ ਵਿੱਚ ਆਵੇਗੀ। ਸਾਇੰਸ ਦੇ ਸਾਧਨ ਜਦੋਂ ਫੇਲ ਹੋ ਜਾਂਦੇ ਹਨ ਤਾਂ ਇਹ ਸਾਇਲੈਂਸ ਦਾ ਸਾਧਨ ਕੰਮ ਆਵੇਗਾ। ਪਰ ਕੋਈ ਵੀ ਕਨੈਕਸ਼ਨ ਜੋੜਨ ਦੇ ਲਈ ਸਦਾ ਲਾਈਨ ਕਲੀਅਰ ਚਾਹੀਦੀ ਹੈ। ਜਿਨ੍ਹਾਂ - ਜਿਨ੍ਹਾਂ ਇੱਕ ਬਾਪ ਅਤੇ ਉਨ੍ਹਾਂ ਦੁਆਰਾ ਸੁਣਾਈ ਹੋਈ ਨਾਲੇਜ਼ ਵਿੱਚ ਜਾਂ ਉਸ ਹੀ ਨਾਲੇਜ਼ ਦੁਆਰਾ ਸੇਵਾ ਵਿੱਚ ਸਦਾ ਬਿਜ਼ੀ ਰਹਿਣ ਦੇ ਅਭਿਆਸੀ ਹੋਣਗੇ ਉਨ੍ਹਾਂ ਸ਼੍ਰੇਸ਼ਠ ਸੰਕਲਪ ਹੋਣ ਦੇ ਕਾਰਨ ਲਾਈਨ ਕਲੀਅਰ ਹੋਵੇਗੀ। ਵਿਅਰ੍ਥ ਸੰਕਲਪ ਹੀ ਡਿਸਟ੍ਰਬੈਂਸ ਹੈ। ਜਿਨ੍ਹਾਂ ਵਿਅਰ੍ਥ ਸਮਾਪਤ ਹੋਵੇ ਸਮਰਥ ਸੰਕਲਪ ਚੱਲਣਗੇ ਉਨ੍ਹਾਂ ਸੰਕਲਪ ਦੀ ਸ਼੍ਰੇਸ਼ਠ ਭਾਸ਼ਾ ਇੰਨਾ ਹੀ ਸਪਸ਼ਟ ਅਨੁਭਵ ਕਰੋਗੇ। ਜਿਵੇਂ ਮੁੱਖ ਦੀ ਭਾਸ਼ਾ ਨਾਲ ਅਨੁਭਵ ਕਰਦੇ ਹੋ। ਸੰਕਲਪ ਦੀ ਭਾਸ਼ਾ ਸੈਕਿੰਡ ਵਿੱਚ ਮੁੱਖ ਦੀ ਭਾਸ਼ਾ ਤੋਂ ਬਹੁਤ ਜ਼ਿਆਦਾ ਕਿਸੀ ਨੂੰ ਵੀ ਅਨੁਭਵ ਕਰਾ ਸਕਦੀ ਹੈ। ਤਿੰਨ ਮਿੰਟ ਦੇ ਭਾਸ਼ਣ ਦਾ ਸਾਰ ਸੈਕਿੰਡ ਵਿੱਚ ਸੰਕਲਪ ਦੀ ਭਾਸ਼ਾ ਤੋਂ ਅਨੁਭਵ ਕਰਾ ਸਕਦੇ ਹੋ। ਸੈਕਿੰਡ ਵਿੱਚ ਜੀਵਨ - ਮੁਕਤੀ ਦਾ ਜੋ ਗਾਇਨ ਹੈ, ਉਹ ਅਨੁਭਵ ਕਰਾ ਸਕਦੇ ਹੋ।

ਅੰਤਰਮੁੱਖੀ ਆਤਮਾਵਾਂ ਦੀ ਭਾਸ਼ਾ ਇਹੀ ਅਲੌਕਿਕ ਭਾਸ਼ਾ ਹੈ। ਹੁਣ ਵਕ਼ਤ ਪ੍ਰਮਾਣ ਇਨ੍ਹਾਂ ਤਿੰਨਾਂ ਭਾਸ਼ਾਵਾਂ ਦੁਆਰਾ ਸਹਿਜ ਸਫ਼ਲਤਾ ਨੂੰ ਪ੍ਰਾਪਤ ਕਰੋਗੇ। ਮਿਹਨਤ ਵੀ ਘੱਟ, ਵਕ਼ਤ ਵੀ ਘੱਟ। ਪਰ ਸਫ਼ਲਤਾ ਸਹਿਜ ਹੈ ਇਸਲਈ ਹੁਣ ਇਸ ਰੂਹਾਨੀ ਭਾਸ਼ਾ ਦੇ ਅਭਿਆਸੀ ਬਣੋ। ਤਾਂ ਅੱਜ ਬਾਪਦਾਦਾ ਵੀ ਬੱਚਿਆਂ ਦੀ ਇਨ੍ਹਾਂ ਤਿੰਨੇ ਤਰ੍ਹਾਂ ਦੀਆਂ ਭਾਸ਼ਾ ਸੁਣ ਰਹੇ ਹਨ ਅਤੇ ਸਭ ਬੱਚਿਆਂ ਨੂੰ ਰਿਸਪਾਂਡ ਦੇ ਰਹੇ ਹਨ। ਸਭ ਦੇ ਅਤੀ ਸਨੇਹ ਦਾ ਸਵਰੂਪ ਬਾਪਦਾਦਾ ਵੇਖ ਸਨੇਹ ਨੂੰ, ਸਨੇਹ ਦੇ ਸਾਗਰ ਵਿੱਚ ਸਮਾ ਰਹੇ ਹਨ। ਸਭ ਦੀਆਂ ਯਾਦਾਂ ਨੂੰ ਸਦਾ ਦੇ ਲਈ ਯਾਦਗ਼ਾਰ ਰੂਪ ਬਣਨ ਦੀ ਸ਼੍ਰੇਸ਼ਠ ਵਰਦਾਨ ਦੇ ਰਹੇ ਹਨ। ਸਭ ਦੇ ਮਨ ਦੇ ਵੱਖ - ਵੱਖ ਭਾਵ ਨੂੰ ਜਾਣ ਸਭ ਬੱਚਿਆਂ ਦੇ ਪ੍ਰਤੀ ਸ੍ਰਵ ਭਾਵਾਂ ਦਾ ਰਿਸਪਾਂਡ ਸਦਾ ਨਿਰਵਿਘਨ ਭਵ, ਸਮਰਥ ਭਵ, ਸ੍ਰਵ ਸ਼ਕਤੀ ਸੰਪੰਨ ਭਵ ਦੀ ਸ਼ੁਭ ਭਾਵਨਾ ਇਸ ਰੂਪ ਵਿੱਚ ਦੇ ਰਹੇ ਹਨ। ਬਾਪ ਦੀ ਸ਼ੁਭ ਭਾਵਨਾ ਜੋ ਵੀ ਸਭ ਬੱਚਿਆਂ ਦੀਆਂ ਸ਼ੁਭ ਕਾਮਨਾਵਾਂ ਹਨ, ਪਰਿਸਥਿਤੀ ਪ੍ਰਮਾਣ ਸਹਿਯੋਗ ਦੀ ਭਾਵਨਾ ਹੈ ਜਾਂ ਸ਼ੁਭ ਕਾਮਨਾ ਹੈ, ਉਹ ਸਭ ਸ਼ੁਭ ਕਾਮਨਾਵਾਂ ਬਾਪਦਾਦਾ ਦੀ ਸ਼੍ਰੇਸ਼ਠ ਭਾਵਨਾ ਨਾਲ ਸੰਪੰਨ ਹੁੰਦੀ ਹੀ ਜਾਵੇਗੀ। ਤੁਰਦੇ - ਤੁਰਦੇ ਕਦੀ - ਕਦੀ ਕਈ ਬੱਚਿਆਂ ਦੇ ਅੱਗੇ ਪੁਰਾਣੇ ਹਿਸਾਬ - ਕਿਤਾਬ ਪ੍ਰਿਖਿਆ ਦੇ ਰੂਪ ਵਿੱਚ ਆਉਂਦੇ ਹਨ। ਭਾਵੇਂ ਤਨ ਦੀ ਵਿਆਦੀ ਦੇ ਰੂਪ ਵਿੱਚ ਜਾਂ ਮਨ ਦੇ ਵਿਅਰ੍ਥ ਤੂਫ਼ਾਨ ਦੇ ਰੂਪ ਵਿੱਚ, ਭਾਵੇਂ ਸੰਬੰਧ - ਸੰਪਰਕ ਦੇ ਰੂਪ ਵਿੱਚ ਆਵੇ। ਜੋ ਬਹੁਤ ਸਮੀਪ ਸਹਿਯੋਗੀ ਹੁੰਦੇ ਹਨ ਉਨ੍ਹਾਂ ਦੇ ਵੀ ਸਹਿਯੋਗ ਦੇ ਬਜਾਏ ਹਲ਼ਕੇ ਰੂਪ ਵਿੱਚ ਟੱਕਰ ਵੀ ਹੋ ਜਾਂਦਾ ਹੈ। ਪਰ ਇਹ ਸਭ ਪੁਰਾਣੇ ਖ਼ਾਤੇ, ਪੁਰਾਣੇ ਕਰਜ਼ ਚੁਕਤੂ ਹੋ ਰਹੇ

ਹਨ ਇਸਲਈ ਇਸ ਹਲਚਲ ਵਿੱਚ ਨਾ ਜਾਕੇ ਬੁੱਧੀ ਨੂੰ ਸ਼ਕਤੀਸ਼ਾਲੀ ਬਣਾਵੋਗੇ ਤਾਂ ਬੁੱਧੀਬਲ ਦੁਆਰਾ ਇਹ ਪੁਰਾਣਾ ਕਰਜ਼, ਕਰਜ਼ ਦੇ ਬਜਾਏ ਸਦਾ ਕੋਲ ਹੋਣ ਦਾ ਫਰਜ਼ ਅਨੁਭਵ ਕਰੋਗੇ। ਹੁੰਦਾ ਕੀ ਹੈ - ਬੁੱਧੀਬਲ ਨਾ ਹੋਣ ਕਾਰਨ ਕਰਜ਼ ਇੱਕ ਬੋਝ ਦੇ ਰੂਪ ਵਿੱਚ ਅਨੁਭਵ ਕਰਦੇ ਹਨ ਅਤੇ ਬੋਝ ਹੋਣ ਦੇ ਕਾਰਨ ਬੁੱਧੀ ਦੁਆਰਾ ਜੋ ਯਥਾਰਤ ਫੈਸਲਾ ਹੋਣਾ ਚਾਹੀਦਾ ਉਹ ਨਹੀਂ ਹੋ ਸਕਦਾ ਅਤੇ ਯਥਾਰਤ ਫੈਸਲਾ ਨਾ ਹੋਣ ਦੇ ਕਾਰਨ ਬੋਝ ਹੋਰ ਹੀ ਥੱਲੇ ਤੋਂ ਥੱਲੇ ਲੈ ਆਉਂਦਾ ਹੈ। ਸਫ਼ਲਤਾ ਦੀ ਉਚਾਈ ਦੇ ਪਾਸੇ ਜਾ ਨਹੀਂ ਸਕਦੇ ਇਸਲਈ ਚੁਕਤੂ ਕਰਨ ਦੇ ਬਜਾਏ ਕਿੱਥੇ - ਕਿੱਥੇ ਹੋਰ ਵੀ ਵੱਧਦਾ ਜਾਂਦਾ ਹੈ ਇਸਲਈ ਪੁਰਾਣੇ ਕਰਜ਼ ਨੂੰ ਚੁਕਤੂ ਕਰਨ ਦਾ ਸਾਧਨ ਹੈ ਸਦਾ ਆਪਣੀ ਬੁੱਧੀ ਨੂੰ ਕਲੀਅਰ ਰੱਖੋ। ਬੁੱਧੀ ਵਿੱਚ ਬੋਝ ਨਹੀਂ ਰੱਖੋ। ਜਿਨ੍ਹਾਂ ਬੁੱਧੀ ਨੂੰ ਹਲਕਾ ਰੱਖੋਗੇ ਉਨ੍ਹਾਂ ਬੁੱਧੀ ਬਲ ਸਫ਼ਲਤਾ ਨੂੰ ਸਹਿਜ ਪ੍ਰਾਪਤ ਕਰਾਵੇਗੀ ਇਸਲਈ ਘਬਰਾਓ ਨਹੀਂ। ਵਿਅਰ੍ਥ ਸੰਕਲਪ ਕਿਉਂ ਹੋਇਆ, ਕੀ ਹੋਇਆ ਸ਼ਾਇਦ ਇਵੇਂ ਹੈ, ਇਵੇਂ ਬੋਝ ਦੇ ਸੰਕਲਪ ਸਮਾਪਤ ਕਰ ਬੁੱਧੀ ਦੀ ਲਾਈਨ ਕਲੀਅਰ ਰੱਖੋ। ਹੱਲਕੀ ਰੱਖੋ। ਤਾਂ ਹਿੰਮਤ ਤੁਹਾਡੀ ਮਦਦ ਬਾਪ ਦੀ, ਸਫ਼ਲਤਾ ਅਨੁਭਵ ਹੁੰਦੀ ਰਹੇਗੀ। ਸਮਝਾ।

ਡਬਲ ਲਾਈਨ ਹੋਣ ਦੇ ਬਜਾਏ ਡਬਲ ਬੋਝ ਲੈ ਲੈਂਦੇ ਹਨ। ਇੱਕ ਪਿੱਛਲਾ ਹਿਸਾਬ ਦੂਜਾ ਵਿਅਰ੍ਥ ਸੰਕਲਪ ਦਾ ਬੋਝ ਤਾਂ ਡਬਲ ਬੋਝ ਉਪਰ ਲੈ ਜਾਵੇਗਾ ਜਾਂ ਥੱਲੇ ਲੈ ਜਾਵੇਗਾ ਇਸਲਈ ਬਾਪਦਾਦਾ ਸਭ ਬੱਚਿਆਂ ਨੂੰ ਵਿਸ਼ੇਸ਼ ਅਟੈਂਸ਼ਨ ਦਵਾ ਰਹੇ ਹਨ ਕਿ ਸਦਾ ਬੁੱਧੀ ਦੇ ਬੋਝ ਨੂੰ ਚੁਕਤੂ ਕਰੋ। ਕਿਸੇ ਵੀ ਤਰ੍ਹਾਂ ਦਾ ਬੋਝ ਬੁੱਧੀਯੋਗ ਦੇ ਬਜਾਏ ਹਿਸਾਬ - ਕਿਤਾਬ ਦੇ ਭੋਗ ਵਿੱਚ ਬਦਲ ਜਾਂਦਾ ਹੈ ਇਸਲਈ ਸਦਾ ਆਪਣੀ ਬੁੱਧੀ ਨੂੰ ਹਲਕਾ ਰੱਖੋ। ਤਾਂ ਯੋਗਬਲ, ਬੁੱਧੀਬਲ ਭੋਗ ਨੂੰ ਖ਼ਤਮ ਕਰ ਦਵੇਗਾ।

ਸੇਵਾ ਦੇ ਵੱਖ - ਵੱਖ ਉਮੰਗ ਵੀ ਸਭ ਦੇ ਪਹੁੰਚੇ ਹਨ। ਜੋ ਜਿੰਨਾ ਸੱਚੀ ਦਿਲ ਨਾਲ ਨਿਸਵਾਰਥ ਭਾਵ ਨਾਲ ਸੇਵਾ ਕਰ ਰਹੇ ਹਨ, ਇਵੇਂ ਦੀ ਸੱਚੀ ਦਿਲ ਤੇ ਸਦਾ ਸਾਹਿਬ ਰਾਜ਼ੀ ਹੈ। ਅਤੇ ਉਸੀ ਰਾਜ਼ੀਪਨ ਦੀ ਨਿਸ਼ਾਨੀ ਦਿਲ ਦੀ ਸੰਤੁਸ਼ਟਤਾ ਅਤੇ ਸੇਵਾ ਦੀ ਸਫ਼ਲਤਾ ਹੈ। ਜੋ ਵੀ ਹੁਣ ਤੱਕ ਕੀਤਾ ਹੈ ਅਤੇ ਕਰ ਰਹੇ ਹਾਂ ਉਹ ਸਭ ਚੰਗਾ ਹੈ। ਅੱਗੇ ਵੱਧਕੇ ਹੋਰ ਚੰਗੇ ਤੇ ਚੰਗੇ ਹੋਣਾ ਹੀ ਹੈ ਇਸਲਈ ਚਾਰੋਂ ਪਾਸੇ ਦੇ ਬੱਚਿਆਂ ਨੂੰ ਬਾਪਦਾਦਾ ਸਦਾ ਉਨਤੀ ਨੂੰ ਪਾਉਂਦੇ ਰਹੋ, ਵਿਧੀ ਪ੍ਰਮਾਣ ਵ੍ਰਿਧੀ ਨੂੰ ਪਾਉਂਦੇ ਰਹੋ, ਇਸ ਵਰਦਾਨ ਦੇ ਨਾਲ - ਨਾਲ ਬਾਪਦਾਦਾ ਪਦਮਗੁਣਾ ਯਾਦਪਿਆਰ ਦੇ ਰਹੇ ਹਨ। ਹੱਥ ਦੇ ਪੱਤਰ ਜਾਂ ਮਨ ਦੇ ਪੱਤਰ ਦੋਨੋ ਦਾ ਰਿਸਪਾਂਡ ਬਾਪਦਾਦਾ ਸਭ ਬੱਚਿਆਂ ਨੂੰ ਵਧਾਈ ਦੇ ਨਾਲ ਦੇ ਰਹੇ ਹਨ। ਸ੍ਰੇਸ਼ਠ ਪੁਰਸ਼ਾਰਥ, ਸ੍ਰੇਸ਼ਠ ਜੀਵਨ ਵਿੱਚ ਸਦਾ ਜਿੰਦੇ ਰਹੋ। ਅਜਿਹੇ ਸਨੇਹ ਦੀ ਸ੍ਰੇਸ਼ਠ ਭਾਵਨਾਵਾਂ ਸਹਿਤ ਸਭ ਨੂੰ ਯਾਦਪਿਆਰ ਅਤੇ ਨਮਸਤੇ।

**08-03-20 ਸਵੇਰੇ ਦੀ ਮੁਰਲੀ ਓਮ ਸ਼ਾਂਤੀ " ਅਵਿਯਕਤ ਬਾਪਦਾਦਾ " ਰਿਵਾਇਜ 08-12-85 ਮਧੂਬਨ**

**" ਬਾਲਿਕ ਸੋ ਮਾਲਿਕ "**

ਅੱਜ ਬਾਪਦਾਦਾ ਆਪਣੀ ਸ਼ਕਤੀ ਸੈਨਾ ਨੂੰ ਵੇਖ ਰਹੇ ਹਨ ਕਿ ਇਹ ਰੂਹਾਨੀ ਸ਼ਕਤੀ ਸੈਨਾ ਮਨਜੀਤ ਜਗਤਜੀਤ ਹੈ? ਮਨਜੀਤ ਅਰਥਾਤ ਮਨ ਦੇ ਵਿਅਰ੍ਥ ਸੰਕਲਪ, ਵਿਕਲਪ ਜਿੱਤ ਹਨ। ਇਵੇਂ ਜਿੱਤੇ ਹੋਏ ਬੱਚੇ ਵਿਸ਼ਵ ਦੇ ਰਾਜ ਅਧਿਕਾਰੀ ਬਣਦੇ ਹਨ ਇਸਲਈ ਮਨ ਜਿੱਤੇ ਜਗਤ ਜਿੱਤ ਗਾਇਆ ਹੋਇਆ ਹੈ। ਜਿੰਨ੍ਹਾ ਇਸ ਵਕਤ ਸੰਕਲਪ - ਸ਼ਕਤੀ ਅਰਥਾਤ ਮਨ ਨੂੰ ਆਪਣੇ ਅਧਿਕਾਰ ਵਿੱਚ ਰੱਖਦੇ ਹੋ ਉਤਨਾ ਹੀ ਵਿਸ਼ਵ ਦੇ ਰਾਜ ਦੇ ਅਧਿਕਾਰੀ ਬਣਦੇ ਹੋ। ਹੁਣ ਇਸ ਵਕਤ ਈਸ਼ਵਰੀਏ ਬਾਲਿਕ ਹੋਣ ਅਤੇ ਹੁਣ ਦੇ ਬਾਲਿਕ ਹੀ ਵਿਸ਼ਵ ਦੇ ਮਾਲਿਕ ਬਣੋਗੇ। ਬਿਨਾ ਬਾਲਿਕ ਬਣਨ ਦੇ ਮਾਲਿਕ ਨਹੀਂ ਬਣ ਸਕਦੇ। ਜੋ ਵੀ ਹੱਦ ਦੇ ਮਾਲਿਕਪਨ ਦੇ ਹੱਦ ਦਾ ਨਸ਼ਾ ਹੈ ਉਸਨੂੰ ਸਮਾਪਤ ਕਰ ਹੱਦ ਦੇ ਮਾਲਿਕਪਨ ਤੋਂ ਬਾਲਿਕਪਨ ਵਿੱਚ ਆਉਣਾ ਹੈ, ਉਦੋਂ ਹੀ ਬਾਲਿਕ ਸੋ ਮਾਲਿਕ ਬਣੋਗੇ ਇਸਲਈ ਭਗਤੀ ਮਾਰਗ ਵਿੱਚ ਕੋਈ ਕਿੰਨਾ ਵੀ ਦੇਸ਼ ਦਾ ਵੱਡਾ ਮਾਲਿਕ ਹੋਵੇ, ਧਨ ਦਾ ਮਾਲਿਕ ਹੋਵੇ, ਪਰਿਵਾਰ ਦਾ ਮਾਲਿਕ ਹੋਵੇ ਪਰ ਬਾਪ ਦੇ ਅੱਗੇ ਸਭ "ਬਾਲਿਕ ਤੇਰੇ" ਕਹਿ ਕੇ ਹੀ ਪ੍ਰਾਥਨਾ ਕਰਦੇ ਹਨ। ਮੈਂ ਫਲਾਣਾ ਮਾਲਿਕ ਹਾਂ, ਇਵੇਂ ਕਦੀ ਨਹੀਂ ਕਹੋਗੇ। ਤੁਸੀਂ ਬ੍ਰਾਹਮਣ ਬੱਚੇ ਵੀ ਬਾਲਿਕ ਬਣਦੇ ਹੋ ਉਦੋਂ ਹੀ ਹੁਣ ਵੀ ਬੇਫ਼ਿਕਰ ਬਾਦਸ਼ਾਹ ਬਣਦੇ ਹੋ ਅਤੇ ਭਵਿੱਖ ਵਿੱਚ ਵਿਸ਼ਵ ਦੇ ਮਾਲਿਕ ਜਾਂ ਬਾਦਸ਼ਾਹ ਬਣਦੇ ਹੋ। "ਬਾਲਿਕ ਸੋ ਮਾਲਿਕ ਹਾਂ" - ਇਹ ਸਮ੍ਰਿਤੀ ਸਦਾ ਨਿਰਹੰਕਾਰੀ, ਨਿਰਾਕਾਰੀ ਸਥਿਤੀ ਦਾ ਅਨੁਭਵ ਕਰਾਉਂਦੀ ਹੈ। ਬਾਲਿਕ ਬਣਨਾ ਅਰਥਾਤ ਹੱਦ ਦੇ ਜੀਵਨ ਦਾ ਪਰਿਵਰਤਨ ਹੋਣਾ। ਜਦੋ ਬ੍ਰਾਹਮਣ ਬਣਨ ਤਾਂ ਬ੍ਰਾਹਮਣਪਨ ਦੀ ਜੀਵਨ ਦਾ ਪਹਿਲਾ ਸੌਖੇ ਤੋਂ ਸੌਖਾ ਪਾਠ ਕਿਹੜਾ ਪੜ੍ਹਿਆ? ਬੱਚਿਆਂ ਨੇ ਕਿਹਾ ਬਾਬਾ ਅਤੇ ਬਾਪ ਨੇ ਕਿਹਾ ਬੱਚਾ ਅਰਥਾਤ ਬਾਲਿਕ। ਇਸ ਇੱਕ ਸ਼ਬਦ ਦਾ ਪਾਠ ਨਾਲੇਜ਼ਫੁੱਲ ਬਣਾ ਦਿੰਦਾ ਹੈ। ਬਾਲਿਕ ਜਾਂ ਬੱਚਾ ਇਹ ਇੱਕ ਸ਼ਬਦ ਪੜ੍ਹ ਲਿਆ ਤਾਂ ਸਾਰੇ ਇਸ ਵਿਸ਼ਵ ਦਾ ਤਾਂ ਕੀ ਪਰ ਤਿੰਨਾਂ ਲੋਕਾਂ ਦੀ ਨਾਲੇਜ਼ ਪੜ੍ਹ ਲਿਆ। ਅੱਜ ਦੀ ਦੁਨੀਆਂ ਵਿੱਚ ਕਿੰਨੇ ਵੀ ਵੱਡੇ ਨਾਲੇਜ਼ਫੁੱਲ ਹੋਣ ਪਰ ਤਿੰਨਾਂ ਲੋਕਾਂ ਦੀ ਨਾਲੇਜ਼ ਨਹੀਂ ਜਾਣ ਸਕਦੇ। ਇਸ ਗੱਲ ਵਿੱਚ ਤੁਸੀਂ ਇੱਕ ਸ਼ਬਦ ਪੜ੍ਹੇ ਹੋਏ ਦੇ ਅੱਗੇ ਕਿੰਨਾ ਵੱਡਾ ਨਾਲੇਜ਼ਫੁੱਲ ਵੀ ਅਣਜਾਨ ਹੈ। ਇਵੇਂ ਮਾਸਟਰ ਨਾਲੇਜ਼ਫੁੱਲ ਕਿੰਨਾ ਸਹਿਜ ਬਣੇ ਹੋ? ਬਾਬਾ ਅਤੇ ਬੱਚੇ, ਇਸ ਇੱਕ ਸ਼ਬਦ ਵਿੱਚ ਸਭ ਕੁਝ ਸਮਾਇਆ ਹੋਇਆ ਹੈ। ਜਿਵੇਂ ਬੀਜ਼ ਵਿੱਚ ਸਾਰਾ ਝਾੜ ਸਮਾਇਆ ਹੋਇਆ ਹੈ ਤਾਂ ਬਾਲਿਕ ਜਾਂ ਬੱਚਾ ਬਣਨਾ ਅਰਥਾਤ ਸਦਾ ਦੇ ਲਈ ਮਾਇਆ ਤੋਂ ਬਚਣਾ। ਮਾਇਆ ਤੋਂ ਬਚੇ ਰਹੋ ਅਰਥਾਤ ਹਾਂ, ਸਦਾ ਇਸ ਸਮ੍ਰਿਤੀ ਵਿੱਚ ਰਹੋ। ਸਦਾ ਇਹੀ ਸਮ੍ਰਿਤੀ ਰੱਖੋ, "ਬੱਚਾ ਬਣਿਆ" ਅਰਥਾਤ ਬੱਚ ਗਿਆ। ਇਹ ਪਾਠ ਮੁਸ਼ਕਿਲ ਹੈ ਕੀ? ਸਹਿਜ ਹੈ ਨਾ। ਫ਼ੇਰ ਭੁੱਲਦੇ ਕਿਉਂ ਹੋ? ਕਈ ਬੱਚੇ ਇਵੇਂ ਸੋਚੂ ਹਨ ਕਿ ਭੁੱਲਣਾ ਚਾਹੁੰਦੇ ਨਹੀਂ ਹਾਂ ਪਰ ਭੁੱਲ ਜਾਂਦਾ ਹਾਂ। ਕਿਉਂ ਭੁੱਲ ਜਾਂਦਾ? ਤਾਂ

ਕਹਿੰਦੇ ਬਹੁਤ ਵਕ਼ਤ ਦੇ ਸੰਸਕਾਰ ਹਨ ਜਾਂ ਪੁਰਾਣੇ ਸੰਸਕਾਰ ਹਨ। ਪਰ ਜਦੋ ਮਰਜੀਵਾ ਬਣਨ ਤਾਂ ਮਰਨ ਦੇ ਵਕਤ ਕੀ ਕਰਦੇ ਹਨ? ਅਗਨੀ ਸੰਸਕਾਰ ਕਰਦੇ ਹੋ ਨਾ। ਤਾਂ ਪੁਰਾਣੇ ਦਾ ਸੰਸਕਾਰ ਕੀਤਾ ਉਦੋਂ ਨਵਾਂ ਜਨਮ ਲਿਆ। ਜਦੋਂ ਸੰਸਕਾਰ ਕਰ ਲਿਆ ਫ਼ੇਰ ਪੁਰਾਣੇ ਸੰਸਕਾਰ ਕਿਥੋਂ ਆਏ। ਜਿਵੇਂ ਸ਼ਰੀਰ ਦਾ ਸੰਸਕਾਰ ਕਰਦੇ ਹੋ ਤਾਂ ਨਾਮ ਰੂਪ ਸਮਾਪਤ ਹੋ ਜਾਂਦਾ ਹੈ। ਜੇਕਰ ਨਾਮ ਵੀ ਲੈਣਗੇ ਤਾਂ ਕਹਿਣਗੇ ਫਲਾਣਾ ਸੀ। ਹੈ ਨਹੀਂ ਕਹਿਣਗੇ। ਤਾਂ ਸ਼ਰੀਰ ਦਾ ਸੰਸਕਾਰ ਹੋਣ ਤੋਂ ਬਾਦ ਸ਼ਰੀਰ ਸਮਾਪਤ ਹੋ ਗਿਆ। ਬ੍ਰਾਹਮਣ ਜੀਵਨ ਵਿੱਚ ਕਿਸਦਾ ਸੰਸਕਾਰ ਕਰਦੇ ਹੋ। ਸ਼ਰੀਰ ਤਾਂ ਉਹੀ ਹੈ। ਪਰ ਪੁਰਾਣੇ ਸੰਸਕਾਰਾਂ, ਪੁਰਾਣੀ ਸਮ੍ਰਿਤੀਆਂ ਦਾ, ਸੁਭਾਵ ਦਾ ਸੰਸਕਾਰ ਕਰਦੇ ਹੋ ਉਦੋਂ ਮਰਜੀਵਾ ਕਹਾਉਂਦੇ ਹੋ। ਜਦੋ ਸੰਸਕਾਰ ਕਰ ਲਿਆ ਤਾਂ ਪੁਰਾਣੇ ਸੰਸਕਾਰ ਕਿਥੋਂ ਆਏ। ਜੇਕਰ ਸੰਸਕਾਰ ਕੀਤਾ ਹੋਇਆ ਮਨੁੱਖ ਫ਼ੇਰ ਤੋਂ ਤੁਹਾਡੇ ਸਾਹਮਣੇ ਆ ਜਾਵੇ ਤਾਂ ਉਸਨੂੰ ਕੀ ਕਹੋਗੇ? ਭੂਤ ਕਹਾਂਗੇ ਨਾ। ਤਾਂ ਇਹ ਵੀ ਪੁਰਾਣੇ ਸੰਸਕਾਰ ਕੀਤੇ ਹੋਏ ਸੰਸਕਾਰ ਜੇਕਰ ਜਾਗ੍ਰਿਤ ਹੋ ਜਾਂਦੇ ਤਾਂ ਕੀ ਕਹਾਂਗੇ? ਇਹ ਵੀ ਮਾਇਆ ਦੇ ਭੂਤ ਕਹਾਂਗੇ ਨਾ। ਭੂਤਾਂ ਨੂੰ ਭਜਾਇਆ ਜਾਂਦਾ ਹੈ ਨਾ। ਵਰਨਣ ਵੀ ਨਹੀਂ ਕੀਤਾ ਜਾਂਦਾ ਹੈ। ਇਹ ਪੁਰਾਣੇ ਸੰਸਕਾਰ ਕਹਿ ਕੇ ਆਪਣੇ ਨੂੰ ਧੋਖਾ ਦਿੰਦੇ ਹਨ। ਜੇਕਰ ਤੁਹਾਨੂੰ ਪੁਰਾਣੀ ਗੱਲਾਂ ਚੰਗੀਆਂ ਲੱਗਦੀਆਂ ਹਨ ਤਾਂ ਅਸਲ ਪੁਰਾਣੇ ਤੇ ਪੁਰਾਣੇ ਆਦਿ ਕਾਲ ਦੇ ਸੰਸਕਾਰਾਂ ਨੂੰ ਯਾਦ ਕਰੋ। ਇਹ ਤਾਂ ਮੱਧਕਾਲ ਦੇ ਸੰਸਕਾਰ ਸੀ। ਇਹ ਪੁਰਾਣੇ ਤੇ ਪੁਰਾਣੇ ਨਹੀਂ ਹਨ। ਮੱਧ ਨੂੰ ਵਿੱਚਕਾਰ ਕਹਿੰਦੇ ਹਨ ਤਾਂ ਮੱਧਕਾਲ ਹਨ ਤਾਂ ਮੱਧਕਾਲ ਅਰਥਾਤ ਵਿਚਕਾਰ ਨੂੰ ਯਾਦ ਕਰਨਾ ਅਰਥਾਤ ਵਿੱਚਕਾਰ ਭੰਵਰ ਵਿੱਚ ਪਰੇਸ਼ਾਨ ਹੋਣਾ ਹੈ ਇਸਲਈ ਕਦੀ ਵੀ ਇਵੇਂ ਕਮਜ਼ੋਰੀ ਦੀਆਂ ਗੱਲਾਂ ਨਹੀਂ ਸੋਚੋ। ਸਦਾ ਇਹੀ ਦੋ ਸ਼ਬਦ ਯਾਦ ਰੱਖੋ "ਬਾਲਕ ਸੋ ਮਾਲਿਕ"। ਬਾਲਕ ਪਨ ਹੀ ਮਾਲਿਕਪਨ ਸਵੈ ਹੀ ਸਮ੍ਰਿਤੀ ਵਿੱਚ ਲਿਆਂਦਾ ਹੈ। ਬਾਲਕ ਬਣਨਾ ਨਹੀਂ ਆਉਂਦਾ?

ਬਾਲਕ ਬਣੋ ਅਰਥਾਤ ਸਭ ਬੋਝ ਤੋਂ ਹਲ਼ਕੇ ਬਣੋ। ਕਦੀ ਤੇਰਾ ਕਦੀ ਮੇਰਾ, ਇਹੀ ਮੁਸ਼ਕਿਲ ਬਣਾ ਦਿੰਦਾ ਹੈ। ਜਦੋ ਕੋਈ ਮੁਸ਼ਕਿਲ ਅਨੁਭਵ ਕਰਦੇ ਹੋ ਉਦੋਂ ਤਾਂ ਕਹਿੰਦੇ ਹੋ ਤੇਰਾ ਕੰਮ ਤੂੰ ਜਾਣੋ। ਅਤੇ ਜਦੋ ਸਹਿਜ ਹੁੰਦਾ ਹੈ ਤਾਂ ਮੇਰਾ ਕਹਿੰਦੇ ਹੋ। ਮੇਰਾਪਨ ਸਮਾਪਤ ਹੋਣਾ ਅਰਥਾਤ ਬਾਲਿਕ ਸੋ ਮਾਲਿਕ ਬਣਨਾ। ਬਾਪ ਤਾਂ ਕਹਿੰਦੇ ਹਨ ਬੇਗਰ ਬਣੋ। ਇਹ ਸ਼ਰੀਰ ਰੂਪੀ ਘਰ ਵੀ ਤੇਰਾ ਨਹੀਂ। ਇਹ ਲੋਨ ਮਿਲਿਆ ਹੋਇਆ ਹੈ। ਸਿਰਫ਼ ਈਸ਼ਵਰੀਏ ਸੇਵਾ ਦੇ ਲਈ ਬਾਬਾ ਨੇ ਲੋਨ ਦੇਕੇ ਟ੍ਰਸਟੀ ਬਣਾਇਆ ਹੈ। ਇਹ ਈਸ਼ਵਰੀਏ ਅਮਾਨਤ ਹੈ। ਤੁਸੀਂ ਤਾਂ ਸਭ ਕੁਝ ਤੇਰਾ ਕਹਿ ਕੇ ਬਾਪ ਨੂੰ ਦੇ ਦਿੱਤਾ। ਇਹ ਵਾਇਦਾ ਕੀਤਾ ਨਾ ਜਾਂ ਭੁੱਲ ਗਏ ਹੋ? ਵਾਇਦਾ ਕੀਤਾ ਹੈ ਜਾਂ ਅੱਧਾ ਤੇਰਾ ਅੱਧਾ ਮੇਰਾ। ਜੇਕਰ ਤੇਰਾ ਕਿਹਾ ਹੋਇਆ ਮੇਰਾ ਸਮਝ ਕੰਮ ਵਿੱਚ ਲਗਾਉਂਦੇ ਹੋ ਤਾਂ ਕੀ ਹੋਵੇਗਾ? ਉਸ ਤੋਂ ਸੁੱਖ ਮਿਲੇਗਾ? ਸਫ਼ਲਤਾ ਮਿਲੇਗੀ? ਇਸਲਈ ਅਮਾਨਤ ਸਮਝ ਤੇਰਾ ਸਮਝ ਤੁਰਦੇ ਤਾਂ ਬਾਲਿਕ ਸੋ ਮਾਲਿਕਪਨ ਦੀ ਖੁਸ਼ੀ ਵਿੱਚ, ਨਸ਼ੇ ਵਿੱਚ ਸਵੈ ਹੀ ਰਹੋਗੇ। ਸਮਝਾ? ਤਾਂ ਇਹ ਪਾਠ ਸਦਾ ਪੱਕਾ ਕੀਤਾ ਨਾ ਜਾਂ ਆਪਣੇ - ਆਪਣੇ ਸਥਾਨਾਂ ਤੇ ਜਾਕੇ ਫ਼ੇਰ ਭੁੱਲ ਜਾਵੋਗੇ। ਅਭੁਲ ਬਣੋ। ਅੱਛਾ!

ਸਦਾ ਰੂਹਾਨੀ ਨਸ਼ੇ ਵਿੱਚ ਰਹਿਣ ਵਾਲੇ ਬਾਲਿਕ ਸੋ ਮਾਲਿਕ ਬੱਚਿਆਂ ਨੂੰ ਸਦਾ ਬਾਲਿਕਪਨ ਅਰਥਾਤ ਬੇਫ਼ਿਕਰ ਬਾਦਸ਼ਾਹਪਨ ਦੀ ਸਮ੍ਰਿਤੀ ਵਿੱਚ ਰਹਿਣ ਵਾਲੇ, ਸਦਾ ਮਿਲੀ ਹੋਈ ਅਮਾਨਤ ਨੂੰ ਟ੍ਰਸਟੀ ਬਣ ਸੇਵਾ ਵਿੱਚ ਲਗਾਉਣ ਵਾਲੇ ਬੱਚਿਆਂ ਨੂੰ, ਸਦਾ ਨਵੇਂ ਉਮੰਗ, ਨਵੇਂ ਉਤਸ਼ਾਹ ਵਿੱਚ ਰਹਿਣ ਵਾਲੇ ਬੱਚਿਆਂ ਨੂੰ ਬਾਪਦਾਦਾ ਦਾ ਯਾਦਪਿਆਰ ਅਤੇ ਨਮਸਤੇ।

**ਵਰਦਾਨ:-** ' ਵਿਸ਼ੇਸ਼ " ਸ਼ਬਦ ਦੀ ਸਮ੍ਰਿਤੀ ਦੁਆਰਾ ਸੰਪੂਰਨਤਾ ਦੀ ਮੰਜ਼ਿਲ ਨੂੰ ਪ੍ਰਾਪਤ ਕਰਨ ਵਾਲੇ ਸਵੈ ਪਰਿਵਰਤਕ ਭਵ

ਸਦਾ ਇਹੀ ਸਮ੍ਰਿਤੀ ਵਿੱਚ ਰਹੋ ਕਿ ਅਸੀਂ ਵਿਸ਼ੇਸ਼ ਆਤਮਾ ਹਾਂ, ਵਿਸ਼ੇਸ਼ ਕੰਮ ਦੇ ਨਿਮਿਤ ਹਨ ਅਤੇ ਵਿਸ਼ੇਸ਼ਤਾ ਵਿਖਾਉਣ ਵਾਲੇ ਹਨ। ਇਹ ਵਿਸ਼ੇਸ਼ ਸ਼ਬਦ ਯਾਦ ਰੱਖੋ - ਬੋਲਣਾ ਵੀ ਵਿਸ਼ੇਸ਼, ਵੇਖਣਾ ਵੀ ਵਿਸ਼ੇਸ਼, ਕਰਨਾ ਵੀ ਵਿਸ਼ੇਸ਼, ਸੋਚਣਾ ਵੀ ਵਿਸ਼ੇਸ਼..............ਹਰ ਗੱਲ ਵਿੱਚ ਇਹ ਵਿਸ਼ੇਸ਼ ਸ਼ਬਦ ਲਿਆਣ ਨਾਲ ਸਹਿਜ ਸਵੈ ਪਰਿਵਰਤਨ ਸੋ ਵਿਸ਼ਵ ਪਰਿਵਰਤਕ ਬਣ ਜਾਵੋਗੇ ਅਤੇ ਜੋ ਸੰਪੂਰਨਤਾ ਨੂੰ ਪ੍ਰਾਪਤ ਕਰਨ ਦਾ ਲਕ੍ਸ਼ੇ ਹੈ, ਉਸ ਮੰਜ਼ਿਲ ਨੂੰ ਵੀ ਸਹਿਜ ਹੀ ਪ੍ਰਾਪਤ ਕਰ ਲਵੋਗੇ।

**ਸਲੋਗਨ:-** ਵਿਘਨਾਂ ਤੋਂ ਘਬਰਾਉਣ ਦੇ ਬਜਾਏ ਪੇਪਰ ਸਮਝਕੇ ਉਨ੍ਹਾਂ ਨੂੰ ਪਾਰ ਕਰੋ।

******